# ਸੁੰਦਰਤਾ ਜਾਂ ਸੁੰਦਰਾਂ

ਸੁੰਦਰਤਾ ਇਕ ਇਲਾਹੀ ਜਲਵਾ ਹੈ।ਕਦੇ ਇਹ ਪੁੰਨਿਆਂ ਦੇ ਚੰਨ ਵਿਚੋਂ ਝਾਤੀਆਂ ਮਾਰਦੀ ਹੈ।ਕਦੇ ਵਹਿੰਦੇ ਪਾਣੀਆਂ ਵਿਚੋਂ, ਕਦੇ ਪਹਾੜਾਂ ਵਿਚੋਂ, ਬਨਾਸਪਤੀ ਵਿਚੋਂ, ਸਮੁੰਦਰ ਦੀਆਂ ਲਹਿਰਾਂ ਵਿਚੋਂ ਤੇ ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿਚੋਂ ਲਿਸ਼ਕਾਰਾ ਮਾਰ ਜਾਂਦੀ ਹੈ।ਕਦੇ ਗਵਈਏ ਦੇ ਗਲ ਵਿਚੋਂ, ਕਦੇ ਸਾਜ਼ਾਂ ਵਿਚੋਂ ਤੇ ਕਦੇ ਮੈਦਾਨ-ਇ-ਜੰਗ ਦੇ ਗੋਲਿਆਂ ਵਿਚੋਂ ਕੂਕ ਦੇ ਜਾਂਦੀ ਹੈ।ਕਦੇ ਸੰਗ ਮਰਮਰ, ਇੱਟ, ਚੂਨੇ, ਲੱਕੜ, ਲੋਹੇ, ਕਦੇ ਗੱਤੇ, ਕਾਗਜ਼, ਰੰਗ ਵਿਚੋਂ ਤੇ ਕਦੇ ਅੱਖਰ, ਵਾਕ ਦੇ ਭਾਵ ਵਿਚੋਂ ਦਰਸ਼ਨ ਦੇ ਜਾਂਦੀ ਹੈ।ਕਦੀ ਸੁੰਦਰੀਆਂ ਦੇ ਨੈਣਾਂ ਵਿਚੋਂ ਪਲਕਾਰੇ ਮਾਰਦੀ ਹੈ ਤੇ ਕਦੇ ਸੋਹਣਿਆਂ ਮੁਛਹਿਰਿਆਂ ਤੇ ਬਾਂਕੀਆਂ ਨੁਹਾਰਾਂ ਵਿਚੋਂ ਫੁਟ ਫੁਟ ਨਿਕਲਦੀ ਹੈ।ਸੁੰਦਰਤਾ! ਤੂੰ ਨਾਸ਼ਵਾਨ ਸ਼ੈ ਨਹੀਂ, ਪਰ ਨਾਸ਼ਵਾਨ ਟਿਕਾਣਿਆਂ ਤੋਂ ਜਲਵੇ ਖੂਬ ਦਿਖਾਉਂਦੀ ਹੈਂ।ਤੇਰੇ ਟਿਕਾਣੇ ਫਕੀਰਾਂ, ਕਵੀਸ਼ਰਾਂ, ਗਵਈਆਂ, ਚਿੱਤ੍ਰਕਾਰਾਂ ਤੇ ਸੰਗਤ੍ਰਾਸ਼ਾਂ ਦੇ ਮਨਮੰਦਰਾਂ ਵਿਚ ਹਨ।ਤੂੰ ਵਹਿਮ ਖਿਆਲ ਜਾਂ ਭਰਮ ਦੀ ਬਨਾਵਟ ਨਹੀਂ, ਤੂੰ ਪਾਰਲੇ ਦੇਸ਼ ਦਾ ਫਰਿਸ਼ਤਾ ਹੈਂ।ਇਸ ਸੰਸਾਰ ਤੋਂ ਅੱਗੇ ਜਿਨਾਂ ਨੂੰ ਕੁੱਝ ਨਹੀਂ ਦਿਸਦਾ, ਤੂੰ ਉਨ੍ਹਾਂ ਨੂੰ ਦੱਸਦੀ ਏਂ ਕਿ ਆਹ ਤੱਕੋ ਅੱਗੇ ਦਾ ਦਰਸ਼ਨ।ਲੋਕੀਂ ਸਮਝਦੇ ਹਨ ਕਿ ਸੁੰਦਰਤਾ, ਜਿਨ੍ਹਾਂ ਪਦਾਰਥਾਂ ਜਾਂ ਨਾਸ਼ਵਾਨ ਸਮਾਨਾਂ ਤੋਂ ਝਲਕੇ ਮਾਰਦੀ ਹੈ, ਇਹ ਉਨ੍ਹਾਂ ਦਾ ਕੋਈ ਗੁਣ ਜਾਂ ਖਾਸੀਅਤ ਹੈ।ਕੋਈ ਸਮਝਦੇ ਹਨ ਕਿ ਕ੍ਰਮਵਾਰ ਇਕੱਤ੍ਰਤਾ ਤੋਂ ਸੁੰਦਰਤਾ ਪੈਦਾ ਹੁੰਦੀ ਹੈ, ਕਈ ਸਮਝਦੇ ਹਨ ਕਿ ਇਹ ਰੇਖਾਵਾਂ ਤੇ ਰੰਗਾਂ ਦੀ ਇਕਸ੍ਵਰਤਾ ਹੈ।ਕਿਸੇ ਦਾ ਖਿਆਲ ਹੈ ਕਿ ਸੁੰਦਰਤਾ ਕੇਵਲ ਆਪਣਾ ਭਾਵ ਮਾਤ੍ਰ ਹੈ।ਸੁੰਦਰਤਾ ਇਹ ਸਭ ਕੁੱਝ ਹੁੰਦੀ ਹੋਈ ਅਜੇ ਕੁੱਝ ਹੋਰ ਹੈ ਤੇ ਇਹ ਸਭ ਕੁੱਝ ਲੈਂਦੀ ਹੋਈ ਇਨ੍ਹਾਂ ਦੀ ਮੁਥਾਜ ਨਹੀਂ।ਤੁਸੀਂ ਜਿੰਨੇ ਵੀ ਸੁੰਦਰਤਾ ਦੇ ਲੱਛਣ ਕਹੋ ਪਰ ਅਜੇ ਕੁੱਝ ਬਾਕੀ ਰਹਿ ਜਾਂਦਾ ਹੈ।ਸੁੰਦਰਤਾ ਰੂਪ ਵਾਲੇ ਸਮਾਨਾਂ ਜਾਂ ਨਾਸ਼ਵਾਨ ਆਸਰਿਆਂ ਤੇ ਖੇਡਦੀ ਦਿਸਦੀ ਹੈ, ਪਰ ਹੈ ਇਹ ਕਿਸੇ ਹੋਰ ਦੇਸ਼ ਦੀ ਦੇਵੀ।ਇਸਦਾ ਅਸਰ ਜਦ ਵੱਜਦਾ ਹੈ ਤਦ ਰਸ ਪੈਂਦਾ ਹੈ, ਉਹ ਰਸ ਚਿੱਤ ਨੂੰ ਸੋਚਾਂ ਦੇ ਮੰਡਲ ਤੋਂ ਕੱਢ ਲੈਂਦਾ ਹੈ।ਇਕ ਵੇਰ ਐਸੀ ਰਸ ਲੀਨਤਾ ਕਰਦਾ ਹੈ ਕਿ ਸੋਚ, ਵਿਚਾਰ, ਪ੍ਰਤੀਤੀ, ਖਿਆਲ ਸਭ ਗੁੰਮ ਹੋ ਜਾਂਦੇ ਹਨ, ਮਾਨੋ ਸਮਾਧੀ ਹੋ ਜਾਂਦੀ ਹੈ।ਭਾਵੇਂ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਇਹ ਛਿਨ ਦਾ ਹਜ਼ਾਰਵਾਂ ਹਿੱਸਾ ਹੋਵੇ ਪਰ ਅਸਰ ਇਹੋ ਪਾਉਂਦੀ ਹੈ।ਹਾਂ ਜੀ ਸੁੰਦਰਤਾ ਦਾ ਝਲਕਾ ਇਕ ਚਸੇ ਵਿਚ 'ਰਸਮੰਡਲ' ਦਾ ਹੁਲਾਰਾ ਦੇ ਜਾਂਦਾ ਹੈ।ਉਹ ਹੁਲਾਰਾ ਚਿੱਤ ਨੂੰ ਸਾਰੇ ਦਿਸਣ ਵਾਲੇ ਨਜ਼ਾਰੇ ਤੋਂ ਤੋੜ ਕੇ ਆਪਣੇ ਸਰੂਪ ਵਿਚ ਦੇਖਣਹਾਰ ਨੂੰ ਦੇਖਣਹਾਰ ਵਿਚ ਜੋੜ ਜਾਂਦਾ ਹੈ।ਉਹ ਅੱਖ ਫਰਕਣ ਜਿੰਨੇ ਚਿਰ ਵਿਚ ਉਸ ਰਸ ਦਾ ਝਲਕਾ ਮਾਰ ਜਾਂਦਾ ਹੈ ਜੋ ਅੱਖਾਂ, ਨੱਕ, ਕੰਨ, ਜੀਭ ਤੇ ਸ਼ਰੀਰ ਦੇ ਰਸ ਤੋਂ ਵੱਖਰਾ ਰਸ ਹੈ ਜੋ ਅੰਦਰਲੇ ਦੇਖਣਹਾਰ ਦੇ ਦੀਸਣਹਾਰ ਤੋਂ ਛੁਟਿਆ-ਆਪੇ ਵਿਚ ਆਇਆਂ ਖੁਲ੍ਹਦਾ ਹੈ ਤੇ ਦੱਸਦਾ ਹੈ ਕਿ "ਜੇਤੇ ਘਟ ਅੰਮ੍ਰਿਤ ਸਭ ਹੀ ਮਹਿ ਭਾਵੈ ਤਿਸਹਿ ਪੀਆਈ॥" ਕੇਦਾਰਾ ਕਬੀਰ ਜੀ

ਘਰ ਦੇ ਅੰਦਰ ਬੈਠਿਆਂ ਬਾਜ਼ਾਰ ਵਿਚੋਂ ਸੁੰਦਰ ਆਵਾਜ਼ ਵਾਜਿਆਂ, ਤੂਤੀਆਂ ਦੀ ਆਉਂਦੀ ਹੈ।ਰਾਗ ਦੀ ਸੁੰਦਰਤਾ ਸਾਡੇ ਮਨ ਉਤੇ ਅਸਰ ਕਰਦੀ ਹੈ, ਮਨ ਆਪਣੇ ਵਿਚ ਇਕੱਠਾ ਹੋ ਜਾਂਦਾ ਹੈ, ਨੈਣ ਮੁੰਦ ਜਾਂਦੇ ਹਨ, ਰਸ ਆ ਜਾਂਦਾ ਹੈ।ਰਾਗ ਦੀ ਸੁੰਦਰਤਾ ਨੇ ਮਨ ਨੂੰ ਮਨ ਵਿਚ ਜੋੜ ਦਿੱਤਾ, ਬ੍ਰਿਤੀ ਚੜ੍ਹ ਗਈ, ਪਰ ਸਾਡਾ ਸੁਭਾ ਹੀ ਸਾਡਾ ਵੈਰੀ ਹੈ ਜੋ ਦਿਸਣ ਵਾਲੇ ਪਦਾਰਥਾਂ ਦਾ ਅੱਤ ਪਿਆਰਾ ਹੋ ਚੁੱਕਾ ਹੈ।ਰਾਗ ਦੀ ਸੁੰਦਰਤਾ ਨੇ ਮਨ ਨੂੰ ਇਕੱਠਿਆਂ ਕੀਤਾ ਤੇ ਰਸ-ਦੇਸ਼ ਵਿਚ ਸੁੱਟ ਦਿੱਤਾ ਸੀ।ਪਰ ਉਸ ਰਸ ਨੂੰ ਛੱਡ ਕੇ ਬਾਹਰ ਭੱਜੀਦਾ ਹੈ, ਬਾਰੀਆਂ ਖੋਲ੍ਹਕੇ ਵਾਜੇ ਵਜਾਉਣ ਵਾਲਿਆਂ ਨੂੰ, ਲੱਕੜ ਚੰਮ ਦੇ ਢੋਲਾਂ ਤੂਤੀਆਂ ਨੂੰ ਤੱਕੀਦਾ ਹੈ, ਤੇ ਇਸ ਤੱਕਣੀ ਸਦਕਾ ਦ੍ਰਿਸ਼ਟਮਾਨ ਵਿਚ ਲੱਗ ਜਾਈਦਾ ਹੈ।ਸੁੰਦਰਤਾ ਦੇ ਝਲਕੇ ਦਾ ਅਸਰ ਸੀ ਰਸਮੰਡਲਾਂ ਵਿਚ ਲੈ ਜਾਣਾ, ਅੰਤਰਮੁਖ ਸੁਆਦ ਵਿਚ ਡੋਬਣਾ-ਉਹ ਗੁਆ ਲਈਦਾ ਹੈ।ਸੁੰਦਰਤਾ ਦਾ ਝਲਕਾਰਾ ਵੱਜਦੇ ਸਾਰ ਤੇਜ਼-ਚਾਲ ਨਾਲ ਲੰਘ ਜਾਣ ਵਾਲਾ ਰਸ-ਰੂਪ ਇਕ ਅਸਰ ਹੁੰਦਾ ਹੈ, ਉਹ ਆਪੇ ਨੂੰ ਜੋੜ ਜਾਂਦਾ ਹੈ, ਜੇ ਉਸਦਾ ਹੀ ਅਸੀਂ ਲਾਭ ਉਠਾਈਏ ਤਾਂ ਸਮਾਧੀ ਕਹੋ, ਲੀਨਤਾ ਕਹੋ, ਪਰਮ-ਸੁਖ ਕਹੋ, ਪਾ ਲਈਏ।ਪਰ ਅਸੀਂ ਸੁੰਦਰਤਾ ਪ੍ਰਕਾਸ਼ਣ ਵਾਲੇ ਪਦਾਰਥਾਂ ਵੱਲ ਦੌੜਦੇ ਹਾਂ, ਜਿੱਥੇ ਸੁੰਦਰਤਾ ਵੱਸਦੀ ਦਿਸਦੀ ਹੈ, ਉਨ੍ਹਾਂ ਟਿਕਾਣਿਆਂ ਨੂੰ ਕਾਬੂ ਕਰਨ ਤੇ ਭੋਗਣ ਵੱਲ ਲੱਗਦੇ ਹਾਂ ਤੇ ਐਸਾ ਕਰਨ ਨਾਲ ਦ੍ਰਿਸ਼ਟਮਾਨ ਵਿਚ ਵਧੀਕ ਫਸਦੇ ਹਾਂ।ਦ੍ਰਿਸ਼ਟਮਾਨ ਜੋ ਬਿਨਸਦਾ ਹੈ, ਵਿਛੁੜਦਾ ਹੈ, ਬਦਲਦਾ ਹੈ, ਇਸ ਕਰਕੇ ਦ੍ਰਿਸ਼ਟਮਾਨ ਦੇ ਪ੍ਰੇਮੀ ਨੂੰ 'ਸੁੱਖ' ਦੀ ਥਾਂ 'ਦੁੱਖ' ਹੁੰਦਾ ਹੈ।ਜੇ ਕਦੇ ਬੰਦੇ ਨੂੰ ਇਹ ਸਮਝ ਹੋ ਜਾਵੇ ਕਿ ਹਰ ਪ੍ਰਕਾਰ ਦੀ ਸੁੰਦ੍ਰਤਾ 'ਕਲਿਆਣਕਾਰੀ' ਤਾਕਤ ਹੈ, ਮੁਕਤੀ ਦਾਤਾ ਹੈ, ਰਸ ਦਾਤਾ ਹੈ; 'ਸੋਚ ਮੰਡਲ' ਵਿਚੋਂ ਖਲਾਸੀ ਦੇਕੇ 'ਰਸਮੰਡਲ' ਵਿਚ ਲੈ ਜਾਣ ਵਾਲੀ ਦੇਵੀ ਹੈ ਤਾਂ ਕਲਿਆਣ ਖੱਬੇ ਹੱਥ ਦੀ ਖੇਡ ਹੈ।ਪਰ ਰਸੀਏ, ਨਾਮ-ਰਸੀਏ ਬਿਨਾਂ ਸੁੰਦਰਤਾ ਦਾ ਇਹ ਲਾਭ ਕੌਣ ਉਠਾਉਂਦਾ ਹੈ? ਅਸੀਂ ਤਾਂ ਇਹ ਕਰਦੇ ਹਾਂ ਕਿ 'ਸੁੰਦਰਤਾ' ਡਿੱਠੀ 'ਸੁੰਦਰਾਂ' ਦੇ ਮਗਰ ਉਠ ਭੱਜੇ।ਸੁੰਦਰਾਂ ਦੇ ਪ੍ਰਾਪਤ ਕਰਨ ਵਿਚ ਮਨ ਖਿੰਡ ਗਿਆ, ਪ੍ਰਾਪਤ ਕਰਕੇ ਭੋਗਾਂ ਵਿਚ ਲਾਇਆ।ਭੋਗਾਂ ਨਾਲ ਮਨ ਮੈਲਾ ਹੋ ਗਿਆ; ਖਿੰਡੇ ਤੇ ਮੈਲੇ ਮਨ ਨੇ ਸੁੰਦਰਤਾ ਵੀ ਵਲੂੰਧਰ ਦਿੱਤੀ।ਸੁੰਦਰਤਾ ਤਾਂ ਕੀ ਵਲੂੰਧਰੀ ਜਾਣੀ ਸੀ, ਉਹ ਤਿਲਕ ਗਈ, ਸੁੰਦਰ ਕੋਝੇ ਹੋ ਗਏ, ਮੈਲਾ ਤੇ ਖਿੰਡਿਆ ਮਨ ਬਲਹੀਨ ਤੇ ਦੁਖੀ ਹੋ ਗਿਆ।ਜਿਸ ਸੁੰਦਰਤਾ ਦੇ ਝਲਕਾਰੇ ਨੇ ਇਕਾਗਰ ਤੇ ਨਿਰਮਲ ਕਰਨਾ ਸੀ, ਜਿਸ ਨਿਰਮਲਤਾ ਤੇ ਇਕਾਗਰਤਾ ਨੇ ਰਸ-ਰੂਪ ਤੇ ਬਲਵਾਨ ਕਰਨਾ ਸੀ, ਉਹ ਸੁੰਦਰਤਾ, ਜਿਸਨੇ ਅੰਤਰਮੁਖ ਕਰਕੇ ਆਪੇ ਨੂੰ ਆਪੇ ਵਿਚ-ਦੇਖਣਹਾਰ ਨੂੰ ਦੇਖਣਹਾਰ ਵਿਚ ਟਿਕਾਉਣਾ ਸੀ, ਜਿਸ ਨੇ ਸਰਬਾਧਾਰ ਦੇ ਮੰਡਲ-ਪਰਮ-ਆਨੰਦ ਵਿਚ ਪਹੁੰਚਾਉਣਾ ਸੀ, ਉਸੇ ਸੁੰਦਰਤਾ ਦਾ ਝਲਕਾ ਉਲਟੇ ਪਾਸੇ ਦ੍ਰਿਸ਼ਟਮਾਨ ਵਿਚ ਲੈ ਜਾਂਦਾ ਹੈ।ਹਾਂ ਜੀ ਤ੍ਰਾਣ ਕਰਤਾ, ਫਸਾਣ ਕਰਤਾ ਹੋ ਜਾਂਦਾ ਹੈ; ਪਰ ਇਹ ਸੁੰਦਰਤਾ ਦੇ ਜ਼ਿੰਮੇ ਨਹੀਂ ਵਰਤਣਹਾਰੇ ਦੇ ਜ਼ਿੰਮੇ ਹੈ।ਵਰਤਣਹਾਰੇ ਦਾ ਸੁਭਾ ਹੀ ਇਹੋ ਬਣ ਚੁੱਕਿਆ ਹੈ।ਜਦ ਸੁੰਦਰ ਸ਼ੈ ਜਾਂ ਸੁੰਦਰ ਜੀਵ ਡਿੱਠਾ, ਉਸਦੀ ਪ੍ਰਾਪਤੀ ਵਿਚ ਲੱਗ ਗਏ, ਜਦ ਮਨ ਰੱਜ ਕੇ ਮੂੰਹ ਮੋੜ ਬੈਠਾ, ਫੇਰ ਹੋਰ ਸੁੰਦਰ ਸ਼ੈ ਤੱਕੀ, ਫੇਰ ਉਸ ਦੇ ਮਗਰ ਹੋ ਤੁਰੇ।ਇਹ ਸੁਭਾ ਕਿਕੂੰ ਬਦਲੇ? ਸੁਭਾ ਦੀ ਬਦਲੀ ਕੇਵਲ ਸਤਿਸੰਗ ਨਾਲ ਹੈ।ਸਤਿਸੰਗ ਸੁਭਾ ਬਦਲਣ ਲਈ 'ਵੈਰਾਗ' ਤੇ 'ਹਜ਼ੂਰੀ' ਦਾ ਸਬਕ ਦਿੰਦਾ ਹੈ।

ਸਾਂਈਂ ਦੀ ਹਜ਼ੂਰੀ ਵਿਚ ਰਹਿਣ ਦਾ ਪ੍ਰਯਤਨ ਨਿਰੰਕਾਰ-ਹਜ਼ੂਰੀ-ਸੁੰਦਰਤਾ ਦਾ ਰਸੀਆ ਬਣਾ ਦੇਂਦਾ ਹੈ।ਹਾਂ ਜੀ ਜਿੱਥੇ ਜਿੱਥੇ ਸੁੰਦਰਤਾ ਹੈ, ਇਸ ਮਨ ਨੂੰ ਉਸ ਦਾ ਨਿਰੋਲ ਪ੍ਰੇਮੀ ਬਣਾ ਦਿੰਦਾ ਹੈ, ਉਸਤੋਂ ਰਸ-ਆਨੰਦ ਲੈਣ ਦੀ ਜਾਂਚ ਸਿਖਾ ਦਿੰਦਾ ਹੈ, ਜੋ ਇਹ ਹੈ ਕਿ ਸੁੰਦਰਤਾ ਦਾ ਪਹਿਲਾ ਲਿਸ਼ਕਾਰਾ ਮਨ ਨੂੰ ਮਨ ਵਿਚ ਜੋੜ ਕੇ ਆਪੇ ਦੇ ਰਸ ਵਿਚ ਲੀਨ ਕਰ ਦਿੰਦਾ ਹੈ।ਇਹ ਸੁੰਦਰਤਾ ਦੇ ਲਿਸ਼ਕਾਰੇ ਨਹੀਂ, 'ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ' ਦੇ ਸੰਦੇਸੇ ਹਨ, ਉਸਦੇ ਨਿਉਤੇ ਹਨ, ਉਸ ਦੀਆਂ ਦਾਅਵਤਾਂ ਹਨ, ਉਸਦੇ ਪ੍ਰੇਮ ਬੁਲਾਵੇ ਹਨ; ਆਪਣੀ ਗੋਦ ਵਿਚ ਲੈਕੇ ਲਾਡ ਲਡਾਉਣ ਦੇ ਸੱਦੇ ਹਨ।ਇਹ ਤਾਂ ਹੁਣ ਸਾਡੇ ਤੇ ਨਿਰਭਰ ਕਰਦਾ ਹੈ ਕਿ ਕਦੋਂ ਇਨ੍ਹਾਂ ਸੰਦੇਸਾਂ, ਨਿਉਤਿਆਂ, ਦਾਅਵਤਾਂ, ਬੁਲਾਵਿਆਂ ਦਾ ਹੁੰਘਾਰਾ ਦੇਣਾ ਹੈ।

(ਭਾਈ ਸਾਹਿਬ ਡਾ.ਵੀਰ ਸਿੰਘ ਜੀ ਦੇ ਸ੍ਰੀ ਕਲਗੀਧਰ ਚਮਤਕਾਰ ਪੂਰਬਾਰਧ ਤੇ ਆਧਾਰਤ) ਜਨਵਰੀ 18, 2001